2

**Office of the Sub Divisional Magistrate-cum-ERO, 094-Talwandi Sabo**
**ਦਫ਼ਤਰ ਉੱਪ ਮੰਡਲ ਮੈਜਿਸਟਰੇਟ -ਕਮ- ਚੋਣਕਾਰ ਰਜਿਸਟਰੇਸ਼ਨ ਅਫ਼ਸਰ, 094-ਤਲਵੰਡੀ ਸਾਬੋ**

ਵੱਲ,

ਸਮੂਹ ਵਿਭਾਗ,
094 ਤਲਵੰਡੀ ਸਾਬੋ
ਬਠਿੰਡਾ।

ਪੱਤਰ ਨੰ:- 5065 /ਚੋਣਾਂ                    ਮਿਤੀ 21/07/2023

ਵਿਸ਼ਾ:- ਆਪ ਜੀ ਵੋਟਰ ਸੂਚੀਆਂ ਦੀ ਸੁਧਾਈ ਸਬੰਧੀ।

ਉਪਰੋਕਤ ਵਿਸ਼ੇ ਅਤੇ ਮੁੱਖ ਚੋਣ ਅਫਸਰ, ਪੰਜਾਬ ਜੀ ਦੇ ਪੱਤਰ ਨੰ: ਚੋਣ-2023/ਵਸ-3729 ਮਿਤੀ 04.07.2023 ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2024 ਦੇ ਆਧਾਰ ਤੇ ਫੋਟੋ ਵੋਟਰ ਸੂਚੀਆਂ ਦਾ ਸਪੈਸ਼ਲ ਸਮਰੀ ਰਵੀਜਨ ਦਾ ਪ੍ਰੋਗਰਾਮ ਸ਼ੁਰੂ ਕੀਤਾ ਜਾਣਾ ਹੈ।

ਇਸ ਤੋਂ ਇਵਾਲਾ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮਿਤੀ 21.07.2023 ਤੋਂ 21.08.2023 ਬੀ.ਐਲ.ਓਜ਼ ਦੀ ਚੋਣ ਡਿਊਟੀ ਤੋਂ ਇਲਾਵਾ ਕਿਸੇ ਹੋਰ ਵਿਭਾਗਾਂ ਦੇ ਕੰਮਾਂ ਲਈ ਵਾਧੂ ਡਿਊਟੀ ਨਾ ਲਗਾਈ ਜਾਵੇ ਅਤੇ ਬੀ.ਐਲ.ਓਜ਼ ਨੂੰ ਹਫਤੇ ਵਿੱਚ ਕਿਸੇ ਵੀ 2 ਦਿਨ (ਸੋਮਵਾਰ ਤੋਂ ਸ਼ੁਕਰਵਾਰ ਤੱਕ) ਆਪਣੀ ਡਿਊਟੀ ਤੋਂ ਫਾਰਗ ਕੀਤਾ ਜਾਵੇ। ਕਿਸੇ ਕਿਸਮ ਦੀ ਕੁਤਾਹੀ ਹੋਣ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਅਨੁਸਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਉਪ ਮੰਡਲ ਮੈਜਿਸਟਰੇਟ-ਕਮ
ਚੋਣਕਰ ਰਜਿਸਟਰੇਸ਼ਨ ਅਫਸਰ,
094 ਤਲਵੰਡੀ ਸਾਬੋ।

ਪਿੰ:ਅੰ:ਨੰ 5066-69 / ਚੋਣਾਂ                    ਮਿਤੀ 21/07/2023

ਇਸ ਦਾ ਇੱਕ ਉਤਾਰਾ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।
2. ਜਿਲ੍ਹਾ ਸਿੱਖਿਆ ਅਫਸਰ (ਸੈਕੰ/ਪ੍ਰੈਮਰੀ ਸਿੱਖਿਆ), ਬਠਿੰਡਾ ਪਾਸ ਭੇਜਕੇ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਕਰਮਚਾਰੀਆਂ ਦੀ ਡਿਊਟੀ ਬਤੌਰ ਬੀ.ਐਲ.ਓ ਜਾਂ ਸੁਪਰਵਾਈਜਰ ਹਲਕਾ 094 ਤਲਵੰਡੀ ਸਾਬੋ ਵਿਖੇ ਲੱਗੀ ਹੋਈ ਹੈ, ਉਨ੍ਹਾਂ ਨੂੰ ਉਪਰੋਕਤ ਸਬੰਧੀ 2 ਦਿਨ ਦੀ ਛੋਟ ਦਿੱਤੀ ਜਾਵੇ।
3. ਸਮੂਹ ਬੀ.ਐਲ.ਓਜ/ਸੁਪਰਵਾਈਜਰ ਵਿਧਾਨ ਚੋਣ ਹਲਕਾ 094 ਤਲਵੰਡੀ ਸਾਬੋ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਮੰਡਲ ਮੈਜਿਸਟਰੇਟ-ਕਮ
ਚੋਣਕਰ ਰਜਿਸਟਰੇਸ਼ਨ ਅਫਸਰ,
094 ਤਲਵੰਡੀ ਸਾਬੋ।